*

## ਪੰਜਾਬ ਵਿਧਾਨ ਸਭਾ ਸਕੱਤਰੇਤ
## ਸੋਮਵਾਰ, ਮਿਤੀ 06 ਮਾਰਚ, 2023 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।

### ਨਾਜਾਇਜ਼ ਦਿੱਤੀ ਜਾ ਰਹੀ ਪੈਨਸ਼ਨ ਦੇ ਵੇਰਵੇ

*353. **ਸ਼੍ਰੀਮਤੀ ਨਰਿੰਦਰ ਕੌਰ ਭਰਾਜ, ਐਮ.ਐਲ.ਏ.:-** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸਰਕਾਰ ਵੱਲੋਂ ਅਗਸਤ 2022 ਵਿੱਚ 65000 ਮ੍ਰਿਤਕਾਂ ਨੂੰ ਨਾਜਾਇਜ਼ ਦਿੱਤੀ ਜਾ ਰਹੀ ਪੈਨਸ਼ਨ ਬਾਰੇ ਅੰਕੜੇ ਜਾਰੀ ਕੀਤੇ ਗਏ ਸਨ;

ਅ) ਜੇਕਰ ਉਪਰੋਕਤ ਭਾਗ (ੳ) ਵਿੱਚ ਵਰਣਿਤ ਅੰਕੜੇ ਸਹੀ ਹਨ ਤਾਂ ਇਹ ਪੈਨਸ਼ਨ ਦੀ ਅਦਾਇਗੀ ਕਿਸ ਨੂੰ ਕਿੰਨੇ ਸਮੇਂ ਤੋਂ ਦਿੱਤੀ ਜਾ ਰਹੀ ਹੈ, ਵੇਰਵੇ ਸਹਿਤ ਦੱਸਿਆ ਜਾਵੇ?

### ਜਲੰਧਰ ਤੋਂ ਗਗਰੇਟ ਨੈਸ਼ਨਲ ਹਾਈਵੇ ਨੂੰ ਪੂਰਾ ਕਰਨਾ

*375. **ਡਾ. ਰਵਜੋਤ ਸਿੰਘ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਲੰਧਰ ਤੋਂ ਗਗਰੇਟ ਨੈਸ਼ਨਲ ਹਾਈਵੇ ਨੂੰ ਪੂਰਾ ਕਰਨ ਲਈ ਸਰਕਾਰ ਵੱਲੋਂ ਕੀ ਕਦਮ ਚੁੱਕੇ ਜਾ ਰਹੇ ਹਨ?

### ਲੁਧਿਆਣਾ ਉੱਤਰੀ ਹਲਕੇ ਵਿੱਚ ਸਪੋਰਟਸ ਗਰਾਊਂਡ ਬਣਾਉਣਾ

*439. **ਸ਼੍ਰੀ ਮਦਨ ਲਾਲ ਬੱਗਾ, ਐਮ.ਐਲ.ਏ.:-** ਕੀ ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਲੁਧਿਆਣਾ ਉੱਤਰੀ ਹਲਕੇ ਵਿੱਚ ਕੋਈ ਵੀ ਸਪੋਰਟਸ ਗਰਾਊਂਡ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਇਥੇ ਸਪੋਰਟਸ ਗਰਾਊਂਡ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

### ਤਲਵਾੜਾ ਤੋਂ ਸ਼੍ਰੀ ਹਰਿਮੰਦਰ ਸਾਹਿਬ ਵਾਇਆ ਮਿਆਣੀ ਬੱਸ ਸੇਵਾ ਸ਼ੁਰੂ ਕਰਵਾਉਣਾ

*442. **ਸਰਦਾਰ ਕਰਮਬੀਰ ਸਿੰਘ, ਐਮ.ਐਲ.ਏ.:-** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਵਿਧਾਨ ਸਭਾ ਹਲਕਾ ਦਸੂਹਾ (ਹੁਸ਼ਿਆਰਪੁਰ) ਵਿਖੇ ਤਲਵਾੜਾ ਤੋਂ ਸ਼੍ਰੀ ਹਰਿਮੰਦਰ ਸਾਹਿਬ, ਵਾਇਆ ਮਿਆਣੀ, ਤੱਕ ਨਵੀਂ ਬੱਸ ਸੇਵਾ ਸ਼ੁਰੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

### ਮਿਤੀ 1/4/2022 ਤੋਂ ਹੁਣ ਤੱਕ ਕੀਤੀਆਂ ਗਈਆਂ ਰਜਿਸਟਰੀਆਂ ਦੇ ਵੇਰਵੇ

*415. **ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.:-** ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਵਿੱਤੀ ਸਾਲ 2021-22 ਦੇ ਮੁਕਾਬਲੇ ਮਿਤੀ 1/4/2022 ਤੋਂ ਹੁਣ ਤੱਕ ਰਜਿਸਟਰੀਆਂ ਆਦਿ ਤੋਂ ਸਰਕਾਰ ਨੂੰ ਕਿੰਨੀ ਆਮਦਨ ਹੋਈ ਹੈ; ਰਾਜ ਵਿੱਚ ਸੰਪਤੀਆਂ ਦੀਆਂ ਕੁੱਲ ਕਿੰਨੀਆਂ ਰਜਿਸਟਰੀਆਂ ਅਤੇ ਹੋਰ ਕਿੰਨੇ ਡਾਕੂਮੈਂਟਸ ਰਜਿਸਟਰਡ ਕੀਤੇ ਗਏ; ਵੇਰਵੇ ਸਹਿਤ ਦੱਸਿਆ ਜਾਵੇ;

ਅ) ਵਿੱਤੀ ਸਾਲ 2021-22 ਦੌਰਾਨ ਜਮੀਨਾਂ ਅਤੇ ਹੋਰ ਪ੍ਰਾਪਰਟੀਆਂ ਆਦਿ ਦੇ ਸਰਕਲ ਰੇਟ ਕੀ ਸਨ ਅਤੇ ਮਹੀਨਾ ਜੁਲਾਈ, 2022 ਤੋਂ ਇਨ੍ਹਾਂ ਸਰਕਲ ਰੇਟਾਂ ਵਿੱਚ ਕਿੰਨੇ ਪ੍ਰਤੀਸ਼ਤ ਵਾਧਾ ਕੀਤਾ ਗਿਆ ਹੈ; ਵੇਰਵੇ ਸਹਿਤ ਦੱਸਿਆ ਜਾਵੇ?

### ਸਰੂਪ ਰਾਣੀ ਗੋਰਮਿੰਟ ਕਾਲਜ ਫਾਰ ਵੂਮੈਨ ਅੰਮ੍ਰਿਤਸਰ ਦੀ ਮੌਜੂਦਾ ਸਥਿਤੀ

*357. **ਕੁੰਵਰ ਵਿਜੇ ਪ੍ਰਤਾਪ ਸਿੰਘ, ਐਮ.ਐਲ.ਏ.:-** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸਰੂਪ ਰਾਣੀ ਗੋਰਮਿੰਟ ਕਾਲਜ ਫਾਰ ਵੂਮੈਨ, ਅੰਮ੍ਰਿਤਸਰ ਵਿੱਚ ਟੀਚਿੰਗ ਅਤੇ ਨਾਨ-ਟੀਚਿੰਗ ਦਾ ਸਟਾਫ ਪੂਰਾ ਹੈ ਜਾਂ ਨਹੀਂ, ਵੇਰਵੇ ਸਹਿਤ ਦੱਸਿਆ ਜਾਵੇ;

ਅ) ਇਸ ਕਾਲਜ ਵਿੱਚ ਜੋ ਕਮੀਆਂ ਹਨ ਉਨ੍ਹਾਂ ਨੂੰ ਪੂਰਾ ਕਰਨ ਵਾਸਤੇ ਕੀ ਉੱਪਰਾਲੇ ਕੀਤੇ ਜਾ ਰਹੇ ਹਨ;

ੲ) **H.E.I.** ਕੈਟਾਗਰੀ ਦੇ ਜੋ ਟੀਚਰਜ਼ ਹਨ ਕੀ ਉਨ੍ਹਾਂ ਨੂੰ ਰੈਗੂਲਰ ਕਰਨ ਵਾਸਤੇ ਸਰਕਾਰ ਵੱਲੋਂ ਕੋਈ ਉਪਰਾਲੇ ਕੀਤੇ ਜਾ ਰਹੇ ਹਨ;

ਸ) ਅੰਮ੍ਰਿਤਸਰ ਜ਼ਿਲ੍ਹੇ ਦੇ ਵਿੱਚ ਪੈਂਦੇ ਸਰਕਾਰੀ, ਏਡਿਡ ਅਤੇ ਪ੍ਰਾਈਵੇਟ ਕਾਲਜਾਂ ਦਾ ਵੇਰਵਾ ਦਿੱਤਾ ਜਾਵੇ?

### ਮੋਹਾਲੀ ਵਿਖੇ 40 ਸਾਲ ਪੁਰਾਣੀਆਂ ਢਾਹੀਆਂ ਦੁਕਾਨਾਂ ਦੇ ਮਾਲਕਾਂ ਨੂੰ ਢੁਕਵੀਂ ਜਗ੍ਹਾ ਦੇਣਾ

*420. **ਸ਼੍ਰੀ ਜੰਗੀ ਲਾਲ ਮਹਾਜਨ, ਐਮ.ਐਲ.ਏ.:-** ਕੀ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ, ਮੋਹਾਲੀ ਵੱਲੋਂ ਸ਼ਹੀਦ ਭਗਤ ਸਿੰਘ ਮਾਰਕੀਟ, ਫੇਜ਼ 1, ਐਸ.ਏ.ਐਸ. ਨਗਰ ਵਿਖੇ 40 ਸਾਲ ਪਹਿਲਾਂ ਬਣੀਆਂ ਹੋਈਆਂ ਦੁਕਾਨਾਂ ਨੂੰ ਮਈ, 2022 ਵਿੱਚ ਢਾਹ ਦਿੱਤਾ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਕੀ ਪਹਿਲਾਂ ਵਾਂਗ ਅਜਿਹੀਆਂ ਮਾਰਕੀਟਾਂ ਢਾਹੀਆਂ ਜਾਣ ਤੇ ਪ੍ਰਭਾਵਿਤ ਦੁਕਾਨਦਾਰਾਂ ਨੂੰ ਦਿੱਤੀ ਗਈ ਥਾਂ ਦੀ ਤਰਜ਼ ਤੇ ਇਨ੍ਹਾਂ ਦੁਕਾਨਦਾਰਾਂ ਨੂੰ ਵੀ ਕੋਈ ਢੁਕਵੀਂ ਥਾਂ ਜਾਂ ਦੁਕਾਨਾਂ ਬਣਾਕੇ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

### ਜ਼ਿਲ੍ਹਾ ਸੈਨਿਕ ਭਲਾਈ ਅਫ਼ਸਰਾਂ ਦੀਆਂ ਮੰਨਜ਼ੂਰ-ਸ਼ੁਦਾ ਆਸਾਮੀਆਂ ਦੇ ਵੇਰਵੇ

*473. **1. ਸਰਦਾਰ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.)**
**2. ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.) :-** ਕੀ ਰੱਖਿਆ ਸੇਵਾਵਾਂ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਇਸ ਵਕਤ ਰਾਜ ਵਿੱਚ ਜ਼ਿਲ੍ਹਾ ਸੈਨਿਕ ਭਲਾਈ ਅਫ਼ਸਰਾਂ ਦੀਆਂ ਕਿੰਨੀਆਂ ਮੰਨਜ਼ੂਰ-ਸ਼ੁਦਾ ਆਸਾਮੀਆਂ ਹਨ; ਇਨ੍ਹਾਂ ਵਿੱਚੋਂ ਕਿੰਨੀਆਂ ਭਰੀਆਂ ਹੋਈਆਂ ਹਨ ਅਤੇ ਕਿੰਨੀਆਂ ਖਾਲੀ ਪਈਆਂ ਹਨ; ਵੇਰਵੇ ਸਹਿਤ ਦੱਸਿਆ ਜਾਵੇ;

ਅ) ਕੀ ਇਨ੍ਹਾਂ ਜ਼ਿਲ੍ਹਾ ਸੈਨਿਕ ਭਲਾਈ ਅਫ਼ਸਰਾਂ ਦੀਆਂ ਖਾਲੀ ਆਸਾਮੀਆਂ ਭਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

### ਸਿਵਲ ਹਸਪਤਾਲ ਖੰਨਾ ਦਾ ਵਿਸਥਾਰ ਅਤੇ ਅਧੁਨਿਕੀਕਰਨ ਕਰਨਾ

*363. **ਸਰਦਾਰ ਤਰੁਨਪ੍ਰੀਤ ਸਿੰਘ ਸੌਂਦ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਖੰਨਾ ਦਾ ਸਿਵਲ ਹਸਪਤਾਲ ਜੋ ਕਿ 105 ਬੈਡਾਂ ਦਾ ਹੈ, ਨੂੰ ਤਿੰਨ ਵਿਧਾਨ ਸਭਾ ਹਲਕੇ ਲੱਗਦੇ ਹਨ, ਜਿਸ ਕਾਰਨ ਰੋਜਾਨਾ ਹੀ ਹਸਪਤਾਲ ਵਿੱਚ ਬਹੁਤ ਭੀੜ ਹੋ ਜਾਂਦੀ ਹੈ ਤੇ ਲੋਕਾਂ ਨੂੰ ਇਲਾਜ ਕਰਵਾਉਣ ਲਈ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਖੰਨਾ ਦੇ ਸਿਵਲ ਹਸਪਤਾਲ ਦਾ ਵਿਸਥਾਰ ਅਤੇ ਅਧੁਨਿਕੀਕਰਨ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਪਰਤੋਂ ਜੀ....

**ਜਗਰਾਉਂ ਸ਼ਹਿਰ ਵਿੱਚ ਪਾਣੀ ਦੀ ਨਿਕਾਸੀ ਦੀ ਸਮੱਸਿਆ**

***399. ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਰਸਾਤ ਦੇ ਦਿਨਾਂ ਵਿੱਚ ਜਗਰਾਉਂ ਸ਼ਹਿਰ ਵਿੱਚ ਪਾਣੀ ਦੀ ਨਿਕਾਸੀ ਦੀ ਬਹੁਤ ਸਮੱਸਿਆ ਆਉਂਦੀ ਹੈ ਜਿਸ ਨਾਲ ਬਰਸਾਤੀ ਪਾਣੀ ਸੜਕਾਂ ਤੇ ਹੀ ਖੜਿਆ ਰਹਿੰਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਸਮੱਸਿਆ ਦਾ ਹੱਲ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਨਕਲੀ ਬੀਜਾਂ ਅਤੇ ਕੀਟਨਾਸ਼ਕਾਂ ਦੀ ਵਿਕਰੀ ਤੇ ਰੋਕ ਲਗਾਉਣਾ**

***348. ਸ੍ਰੀ ਗੁਰਲਾਲ ਸਿੰਘ, ਐਮ.ਐਲ.ਏ.:-** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨਕਲੀ ਬੀਜਾਂ ਅਤੇ ਕੀਟਨਾਸ਼ਕਾਂ ਦੀ ਰਾਜ ਦੇ ਬਜ਼ਾਰਾਂ ਵਿੱਚ ਖੁੱਲੇਆਮ ਵਿਕਰੀ ਹੋ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਦੀ ਇਨ੍ਹਾਂ ਨਕਲੀ ਬੀਜ ਅਤੇ ਕੀਟਨਾਸ਼ਕ ਬਣਾਉਣ ਵਾਲੀਆਂ ਕੰਪਨੀਆਂ ਅਤੇ ਨਕਲੀ ਮਾਲ ਵੇਚਣ ਵਾਲੇ ਦੁਕਾਨਦਾਰਾਂ ਖਿਲਾਫ ਕਾਰਵਾਈ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਪਿੰਡਾਂ ਦੇ ਬਾਹਰ ਵਾਧੂ ਸਮਰੱਥਾ ਵਾਲੇ ਛੱਪੜ ਬਣਾਉਣਾ**

***351. ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਦੇ ਬਹੁਤ ਸਾਰੇ ਪਿੰਡਾਂ ਵਿੱਚ ਛੱਪੜ, ਅਬਾਦੀ ਦੇ ਬਿਲਕੁਲ ਨੇੜੇ ਜਾਂ ਪਿੰਡਾਂ ਦੇ ਵਿੱਚਕਾਰ ਹੋਣ ਕਾਰਨ ਅਤੇ ਇਨ੍ਹਾਂ ਛੱਪੜਾਂ ਦੀ ਪਾਣੀ ਸਟੋਰ ਕਰਨ ਦੀ ਸਮਰੱਥਾ ਘੱਟ ਹੋਣ ਕਾਰਨ ਗੰਦਾ ਪਾਣੀ ਪਿੰਡਾਂ ਦੇ ਘਰਾਂ/ਗਲੀਆਂ ਨਾਲੀਆਂ ਵਿੱਚ ਆ ਜਾਂਦਾ ਹੈ, ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਅਜਿਹੇ ਪਿੰਡਾਂ ਦੇ ਛੱਪੜਾਂ ਦੀ ਜਗ੍ਹਾ ਨੂੰ ਵੇਚ ਕੇ ਇਸ ਪੈਸੇ ਨਾਲ ਪਿੰਡਾਂ ਦੇ ਬਾਹਰ ਵਾਧੂ ਸਮਰੱਥਾ ਵਾਲੇ ਨਵੇਂ ਛੱਪੜ ਬਣਾਉਣ ਅਤੇ ਬਾਕੀ ਪਿੰਡਾਂ ਦੇ ਮੌਜੂਦਾ ਛੱਪੜਾਂ ਦਾ ਨਵੀਨੀਕਰਨ ਕਰਨ ਤੇ ਵਿਚਾਰ ਕਰ ਰਹੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਰੋਪੜ ਦੇ ਸਰਕਾਰੀ ਕਾਲਜਾਂ ਦੀ ਰਿਪੇਅਰ ਲਈ ਫੰਡ ਜਾਰੀ ਕਰਨਾ**

***423. ਸ੍ਰੀ ਦਿਨੇਸ਼ ਚੱਢਾ, ਐਮ.ਐਲ.ਏ.:-** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰੀ ਕਾਲਜ, ਰੋਪੜ ਦੀ ਬਿਲਡਿੰਗ ਅਤੇ ਹੋਸਟਲ ਦੀ ਰੈਨੋਵੇਸ਼ਨ/ਰਿਪੇਅਰ/ਵਾਈਟਵਾਸ਼ ਸਮੇਤ ਹੋਰ ਵੱਖ-ਵੱਖ ਅਤਿ ਜ਼ਰੂਰੀ ਮੰਗਾਂ ਲਈ ਜੋ ਮੰਗਾਂ ਅਤੇ ਐਸਟੀਮੇਟ ਕਾਲਜ ਵੱਲੋਂ ਮਹਿਕਮੇ ਨੂੰ ਭੇਜੇ ਗਏ ਹਨ, ਉਨ੍ਹਾਂ ਕੰਮਾਂ ਲਈ ਕਦੋਂ ਤੱਕ ਫੰਡ ਜਾਰੀ ਕੀਤੇ ਜਾਣਗੇ?

**ਪਿੰਡ ਸੁਧਾਣਾ ਨਹਿਰ (ਘਰਾਟਾ) ਤੋਂ ਰਾਮਪੁਰਾ ਫੂਲ ਤੱਕ ਸੜਕ ਬਣਾਉਣਾ**

***435. ਸ੍ਰੀ ਬਲਕਾਰ ਸਿੰਘ ਸਿੱਧੂ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਸੁਧਾਣਾ ਨਹਿਰ (ਘਰਾਟਾ) ਤੋਂ ਰਾਮਪੁਰਾ ਫੂਲ ਤੱਕ ਸੜਕ ਬਣਾਉਣਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਉਸ ਦੇ ਵੇਰਵੇ ਕੀ ਹਨ?

**ਹਲਕਾ ਮੋਗਾ ਵਿਖੇ ਮੈਡੀਕਲ ਕਾਲਜ ਬਣਾਉਣਾ**

***398. ਸ਼੍ਰੀਮਤੀ ਅਮਨਦੀਪ ਕੌਰ ਅਰੋੜਾ, ਐਮ.ਐਲ.ਏ.:-** ਕੀ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਮੋਗਾ ਵਿਖੇ ਕੋਈ ਮੈਡੀਕਲ ਕਾਲਜ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਕੀ ਇੱਥੇ ਇੱਕ ਮੈਡੀਕਲ ਕਾਲਜ਼ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਲੰਪੀ ਸਕਿਨ ਵਾਇਰਸ ਨਾਲ ਪ੍ਰਭਾਵਤ ਹੋਏ ਪਸ਼ੂਆਂ ਦੇ ਵੇਰਵੇ**

***411. ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.:-** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਲੰਪੀ ਸਕਿਨ ਵਾਇਰਸ (NSD) ਨਾਲ ਰਾਜ ਵਿੱਚ ਕੁੱਲ ਕਿੰਨੇ ਪਸ਼ੂ ਪ੍ਰਭਾਵਤ ਹੋਏ ਹਨ; ਇਸ ਬਿਮਾਰੀ ਦੀ ਰੋਕਥਾਮ ਲਈ ਸਰਕਾਰ ਵੱਲੋਂ ਕੀ-ਕੀ ਉਪਰਾਲੇ ਕੀਤੇ ਗਏ ਅਤੇ ਸਰਕਾਰ ਵੱਲੋਂ ਕੁੱਲ ਕਿੰਨੇ ਫੰਡਜ ਜਾਰੀ ਕੀਤੇ ਗਏ; ਜ਼ਿਲ੍ਹਾ ਵਾਰ, ਪ੍ਰਤੀ ਡਿਸਪੈਂਸਰੀ ਜਾਰੀ ਕੀਤੀ ਗਈ ਰਾਸ਼ੀ ਦੇ ਵੇਰਵੇ ਕੀ ਹਨ;

ਅ) ਇਸ ਲਾਗ ਦੀ ਬਿਮਾਰੀ ਦੇ ਇਲਾਜ ਤੇ ਕਿੰਨਾ ਖਰਚਾ ਆਇਆ, ਕਿੰਨੇ ਪਸ਼ੂਆਂ ਦੀ ਮੌਤ ਹੋਈ ਅਤੇ ਸਰਕਾਰ ਵੱਲੋਂ ਪਸ਼ੂਆਂ ਦੇ ਮਾਲਕਾਂ ਨੂੰ ਪ੍ਰਤੀ ਪਸ਼ੂ ਕਿੰਨੀ ਮਾਲੀ ਸਹਾਇਤਾ ਦਿੱਤੀ ਗਈ; ਵੇਰਵੇ ਸਹਿਤ ਦੱਸਿਆ ਜਾਵੇ?

**ਰਾਜ ਦੇ ਸਕੂਲਾਂ ਵਿੱਚ ਸਕਿਲ ਡਿਵੈਲਪਮੈਂਟ ਦੀ ਪੜਾਈ ਸ਼ੁਰੂ ਕਰਨਾ**

***437. ਸਰਦਾਰ ਲਾਭ ਸਿੰਘ ਉਗੋਕੇ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਕੂਲਾਂ ਵਿੱਚ 6ਵੀਂ ਕਲਾਸ ਤੋਂ Skill Development ਦੀ ਪੜਾਈ ਸ਼ੁਰੂ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਿਵਲ ਹਸਪਤਾਲ ਰਾਜਪੁਰਾ ਵਿਖੇ ਡਾਕਟਰਾਂ ਅਤੇ ਦਰਜਾ ਚਾਰ ਦੀਆਂ ਮੰਨਜੂਰਸ਼ੁਦਾ ਅਸਾਮੀਆਂ ਦੇ ਵੇਰਵੇ**

***383. ਸ਼੍ਰੀਮਤੀ ਨੀਨਾ ਮਿੱਤਲ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਿਵਲ ਹਸਪਤਾਲ ਰਾਜਪੁਰਾ ਵਿਖੇ ਸ਼੍ਰੇਣੀਵਾਰ ਡਾਕਟਰਾਂ ਅਤੇ ਦਰਜਾ ਚਾਰ ਦੀਆਂ ਕੁੱਲ ਕਿੰਨੀਆਂ ਮੰਨਜੂਰਸ਼ੁਦਾ ਅਸਾਮੀਆਂ ਹਨ; ਇਹਨਾਂ ਵਿਚੋ ਕਿੰਨੀਆਂ ਖਾਲੀ ਪਈਆਂ ਹਨ ਅਤੇ ਖਾਲੀ ਪਈਆਂ ਅਸਾਮੀਆਂ ਨੂੰ ਕਦੋਂ ਤੱਕ ਭਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹਨ?

**ਸਾਲ 2014 ਵਿੱਚ ਭਰਤੀ ਕੀਤੇ ਗਏ 1978 ਵੋਕੇਸ਼ਨਲ ਟਰੇਨਰਸ ਨੂੰ ਪੱਕਾ ਕਰਨਾ**

***560. ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ.:-** ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਾਲ 2014 ਵਿੱਚ ਭਰਤੀ ਕੀਤੇ ਗਏ 1978 ਵੋਕੇਸ਼ਨਲ ਟਰੇਨਰਸ (ਐਨ.ਐਸ.ਕਿਊ.ਐਫ) ਦੀਆਂ ਨੌਕਰੀਆਂ ਪੱਕੇ ਕੀਤੇ ਜਾਣ ਦੀ ਪ੍ਰਕਿਰਿਆ ਵਿਭਾਗ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਇਹ ਪ੍ਰਕਿਰਿਆ ਕਦੋਂ ਤੱਕ ਮੁਕੰਮਲ ਹੋ ਜਾਵੇਗੀ ਅਤੇ ਜੇਕਰ ਨਹੀਂ ਤਾਂ ਇਹਨਾਂ ਨੂੰ ਪੱਕਾ ਨਾ ਕੀਤੇ ਜਾਣ ਦੇ ਕੀ ਕਾਰਨ ਹਨ?

**ਏਅਰਪੋਰਟ ਰੋਡ ਤੇ ਕੌਮੀ ਮਾਰਗ 205 ਤੋਂ ਏਅਰਪੋਰਟ ਤੱਕ ਸੜਕ ਨੂੰ ਫ੍ਰੀਵੇਅ ਕਰਨਾ**

***395. ਸਰਦਾਰ ਕੁਲਵੰਤ ਸਿੰਘ, ਐਮ.ਐਲ.ਏ.:-** ਕੀ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕੌਮੀ ਮਾਰਗ 205 ਤੋਂ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡਾ ਚੰਡੀਗੜ੍ਹ ਨੂੰ ਜੋੜਦੀ ਏਅਰਪੋਰਟ ਰੋਡ ਤੇ ਕੌਮੀ ਮਾਰਗ 205 ਤੋਂ ਏਅਰਪੋਰਟ ਚੌਂਕ ਤੱਕ 14 ਕਿਲੋ ਮੀਟਰ ਦੀ ਦੂਰੀ ਵਿਚਕਾਰ 12 ਟ੍ਰੈਫਿਕ ਲਾਈਟਾਂ ਹਨ ਜਿਸ ਕਾਰਨ ਇਹ ਦੂਰੀ ਤੈਅ ਕਰਨ ਵਿਚ ਬਹੁਤ ਸਮਾਂ ਲਗਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਸਮੱਸਿਆ ਦੇ ਹੱਲ ਲਈ ਇਸ ਸੜਕ ਨੂੰ ਫ੍ਰੀਵੇਅ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਇਸ ਨੂੰ ਕਦੋਂ ਤੱਕ ਅਮਲ ਵਿੱਚ ਲਿਆਂਦਾ ਜਾਵੇਗਾ?

**ਸੁਰਿੰਦਰ ਪਾਲ,**
**ਸਕੱਤਰ,**
**ਪੰਜਾਬ ਵਿਧਾਨ ਸਭਾ।**

**ਚੰਡੀਗੜ੍ਹ**
**ਮਿਤੀ 02 ਮਾਰਚ, 2023**